## ਛੋਟੇ ਭੈਣ/ਭਰਾ ਨੂੰ ਪੜ੍ਹਾਈ ਅਤੇ ਖੇਡਾਂ ਵਿਚ ਬਰਾਬਰ ਹਿੱਸਾ ਲੈਣ ਲਈ ਪੱਤਰ ਲਿਖੋ।



ਪ੍ਰੀਖਿਆ ਭਵਨ,

ਸਰਕਾਰੀ ……… ਸਕੂਲ,

………………।

…… ਜੁਲਾਈ, 20 ….

ਪਿਆਰੇ …………,

ਨਿੱਘਾ ਪਿਆਰ।

ਮੈਨੂੰ ਕੱਲ੍ਹ ਹੀ ਮਾਤਾ ਜੀ ਦੀ ਚਿੱਠੀ ਮਿਲੀ ਤਾਂ ਇਹ ਪੜ੍ਹਕੇ ਬਹੁਤ ਦੁੱਖ ਹੋਇਆ ਕਿ ਤੇਰੀ ਸਿਹਤ ਠੀਕ ਨਹੀਂ ਰਹਿੰਦੀ। ਉਨ੍ਹਾਂ ਦੱਸਿਆ ਕਿ ਤੂੰ ਸਿਹਤ ਜਾਂ ਖਾਣ-ਪੀਣ ਦਾ ਖਿਆਲ ਕੀਤੇ ਬਿਨ੍ਹਾਂ ਦਿਨ-ਰਾਤ ਪੜ੍ਹਾਈ ਕਰਦਾ ਹੈਂ। ਮੈਂ ਤੇਰੀ ਪੜ੍ਹਾਈ ਵਿਚ ਲਗਨ ਦੀ ਪ੍ਰਸੰਸਾ ਕਰਦਾ ਹਾਂ, ਪਰ ਤੈਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਜੇਕਰ ਤੂੰ ਆਪਣੀ ਸਰੀਰਿਕ ਸਿਹਤ ਚੰਗੀ ਰੱਖੇਗਾ, ਤਾਂ ਹੀ ਦਿਮਾਗ਼ ਤੋਂ ਵਧੇਰੇ ਕੰਮ ਲੈ ਸਕਦਾ ਹੈ। ਸਿਹਤ ਠੀਕ ਰੱਖਣ ਲਈ ਤੈਨੂੰ ਹਰ ਰੋਜ਼ ਖੇਡਾਂ ਵਿਚ ਭਾਗ ਲੈਣਾ ਚਾਹੀਦਾ ਹੈ। ਇਕ ਵਿਦਿਆਰਥੀ ਦੇ ਜੀਵਨ ਵਿਚ ਖੇਡਾਂ ਦੀ ਬਹੁਤ ਮਹੱਤਤਾ ਹੈ। ਖੇਡਣ ਨਾਲ਼ ਸਾਡੇ ਖ਼ੂਨ ਦਾ ਦੌਰਾ ਤੇਜ਼ ਹੁੰਦਾ, ਫੇਫੜਿਆਂ ਨੂੰ ਤਾਜ਼ੀ ਹਵਾ ਮਿਲਦੀ ਹੈ, ਦਿਮਾਗ਼ ਦੀ ਥਕਾਵਟ ਦੂਰ ਹੁੰਦੀ ਹੈ ਤੇ ਖਾਧਾ-ਪੀਤਾ ਹਜ਼ਮ ਹੁੰਦਾ ਹੈ। ਖੇਡਾਂ ਨਾਲ ਤੇਰੀ ਸਿਹਤ ਵੀ ਚੰਗੀ ਰਹੇਗੀ ਤੇ ਪੜ੍ਹਾਈ ਵੀ ਚੰਗੀ ਹੋਵੇਗੀ। ਮੈਂ ਆਸ ਕਰਦਾ ਹਾਂ ਕਿ ਤੂੰ ਮੇਰੀਆਂ ਗੱਲਾਂ ਮੰਨ ਕੇ ਖੇਡਾਂ ਅਤੇ ਪੜ੍ਹਾਈ ਨੂੰ ਬਰਾਬਰ ਮਹੱਤਤਾ ਦੇਵੇਂਗਾ।

ਤੇਰਾ ਵੱਡਾ ਵੀਰ,

………………।

**ਤਿਆਰ ਕਰਤਾ**

**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**

**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**